# ਫੁੱਟਬਾਲ ਟੂਰਨਾਮੈਂਟ ਅੱਜ ਤੋਂ

ਪੱਤਰ ਪ੍ਰੇਰਕ

ਲੁਧਿਆਣਾ, 18 ਜਨਵਰੀ
ਟਾਟਾ ਗਲੋਬਲ ਬੇਵਰੇਜੇਸ ਵੱਲੋਂ 19 ਅਤੇ 20 ਜਨਵਰੀ ਨੂੰ ਲੁਧਿਆਣਾ ਦੇ ਮੋਤੀ ਨਗਰ ਸਟੇਡੀਅਮ ਵਿਚ ਟਾਟਾ ਟੀ ਜਾਗੋ ਰੇ ਇੰਟਰ ਮਿਲਨ ਸਾਕਰ ਸਟਾਰਜ਼ 2012 ਤਹਿਤ ਫੁੱਟਬਾਲ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਕੰਪਨੀ ਵੱਲੋਂ ਫੁਟਬਾਲ ਕਲੱਬ ਐਫਸੀ ਇੰਟਰਨੇਜਿਓਲੇਨ ਮਿਲਾਨੋ (ਇੰਟਰ ਮਿਲਾਨ) ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਟੂਰਨਾਮੈਂਟ ਵਿਚ 32 ਸਕੂਲਾਂ ਦੇ 350 ਖਿਡਾਰੀ ਭਾਗ ਲੈਣਗੇ।